# ਪ੍ਰੈਸ ਨੋਟ

**ਵਿਸ਼ਾ:- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਕਾਦਮਿਕ ਸਾਲ 2018-19 ਲਈ ਗਿਆਰ੍ਹਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਲਈ ਪ੍ਰਾਈਵੇਟ ਪ੍ਰਕਾਸ਼ਕਾਂ ਤੋਂ ਪੁਸਤਕਾਂ ਦੀ ਮੰਗ ਕਰਨ ਸੰਬਧੀ।**

ਪੰਜਾਬ ਸਕੂਲ ਸਿੱਖਿਆ ਬੋਰਡ, ਕਲੈਂਡਰ, Volume-II ਵਿੱਚ ਦਰਜ "ਕਿਤਾਬਾਂ ਪੇਸ਼ ਕਰਨ ਤੇ ਉਹਨ੍ਹਾਂ ਦੇ ਪ੍ਰਵਾਨਗੀ ਵਿਨਿਯਮ,1979" ਐਕਟ ਦੀ ਪਾਲਣਾ ਕਰਦੇ ਹੋਏ ਸੀਨੀਅਰ ਸੈਕੰਡਰੀ ਸਕੀਮ ਆਫ ਸਟੱਡੀਜ਼ ਵਿੱਚ ਦਰਜ ਵਿਸ਼ਿਆਂ ਵਿੱਚੋਂ ਜਿਹੜੇ ਵਿਸ਼ਿਆਂ ਦੀਆਂ ਪਾਠ-ਪੁਸਤਕਾਂ ਬੋਰਡ ਵਲੋਂ ਤਿਆਰ/ਪ੍ਰਕਾਸ਼ਿਤ ਨਹੀਂ ਕੀਤੀਆਂ ਜਾਂਦੀਆਂ ਉਨ੍ਹਾਂ ਵਿਸ਼ਿਆਂ (ਸੂਚੀ ਬੋਰਡ ਦੀ ਵੈਬ ਸਾਈਟ www.pseb.ac.in ਤੇ ਉਪਲਬਧ ਹੈ) ਦੀਆਂ ਪੁਸਤਕਾਂ ਅਕਾਦਮਿਕ ਸਾਲ 2018-19 ਲਈ ਰਿਕਮੈਂਡ ਕਰਨ ਹਿੱਤ ਮੰਗੀਆਂ ਜਾਂਦੀਆਂ ਹਨ। ਪ੍ਰਾਈਵੇਟ ਪਬਲੀਸ਼ਰਾਂ ਵੱਲੋਂ 6,000 ਰੁਪਏ ਪ੍ਰਤਿ ਵਿਸ਼ਾ ਪ੍ਰਤਿ ਮਾਧਿਅਮ ਅਮੋੜਵੀ ਰੀਵਿਊ (ਐਂਟਰੀ) ਫੀਸ ਬੋਰਡ ਦੇ ਮੁੱਖ ਦਫ਼ਤਰ ਫੇਜ਼-8 ਐਸ.ਏ. ਐਸ ਨਗਰ ਵਿਖੇ ਕੈਸ਼ੀਅਰ ਕੋਲ ਜਮ੍ਹਾਂ ਕਰਵਾ ਕੇ ਰਸੀਦ ਸਮੇਤ ਪੁਸਤਕਾਂ ਬੋਰਡ ਦੀ ਅਕਾਦਮਿਕ ਸ਼ਾਖਾ ਵਿੱਚ ਪ੍ਰੈਸ ਨੋਟ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਈਆਂ ਜਾਣ। ਪੁਸਤਕਾਂ ਦੀ ਰੀਵਿਊ ਉਪਰੰਤ ਪ੍ਰਾਈਵੇਟ ਪਬਲੀਸ਼ਰਾਂ ਤੋਂ ਲੋੜੀਂਦੇ ਦਸਤਾਵੇਜ਼ (ਬੋਰਡ ਵੈਬ ਸਾਈਟ ਤੇ ਉਪਲਬਧ) ਅਤੇ 20,000 ਰੁਪਏ ਪ੍ਰਤਿ ਵਿਸ਼ਾ ਪ੍ਰਤੀ ਮਾਧਿਅਮ ਦੀ ਫ਼ੀਸ ਪ੍ਰਾਪਤ ਕਰਨ ਉਪਰੰਤ ਪ੍ਰਵਾਨਿਤ ਕੀਤੀਆਂ ਜਾਣਗੀਆਂ। ਬਿਨ੍ਹਾਂ ਪ੍ਰਵਾਨਗੀ ਤੋਂ ਬੋਰਡ ਦਾ ਨਾ ਵਰਤਣ ਵਾਲੇ ਪ੍ਰਕਾਸ਼ਕਾ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪੰਜਾਬ ਸਕੂਲ ਸਿੱਖਿਆ ਬੋਰਡ, ਕਲੈਂਡਰ, Volume-II ਵਿੱਚ ਦਰਜ ਵਿਨਿਯਮਾਂ ਦੀ ਹੂ-ਬ ਹੂ ਪਾਲਣਾ ਕੀਤੀ ਜਾਵੇਗੀ।

ਸਕੱਤਰ

## ਪੰਜਾਬ ਸਕੂਲ ਸਿੱਖਿਆ ਬੋਰਡ

**ਅਕਾਦਮਿਕ ਸਾਲ 2018-19 ਲਈ ਪ੍ਰਾਈਵੇਟ ਪ੍ਰਕਾਸ਼ਕਾਂ ਦੀ ਪੁਸਤਕਾਂ ਪ੍ਰਵਾਨਿਕ ਕਰਨ ਲਈ ਪਬਲੀਸ਼ਰਾਂ ਤੋਂ ਹੇਠ ਦਰਜ ਦਸਤਾਵੇਜ ਪ੍ਰਾਪਤ ਕੀਤੇ ਜਾਣਗੇ:-**

(i) ਜੇ ਲੇਖਕ ਅਤੇ ਪ੍ਰਕਾਸ਼ਕ ਵੱਖ ਵੱਖ ਵਿਅਕਤੀ ਹੋਣ, ਤਾਂ ਬੋਰਡ ਅਤੇ ਧਿਰ ਵਿਚਕਾਰ ਕੀਤੇ ਇਕਰਾਰ ਦੇ ਸਮੇਂ,ਉਹਨਾਂ ਦੇ ਪੂਰੇ ਵੇਰਵੇ ਅਤੇ ਉਹਨਾਂ ਵਿਚਕਾਰ ਹੋਏ ਇਕਰਾਰ ਦੀ ਇੱਕ ਨਕਲ, ਬੋਰਡ ਵਿੱਚ ਜਮ੍ਹਾਂ ਕਰਵਾਈ ਜਾਵੇ।

(ii) ਬੋਰਡ ਫੈਸਲੇ ਅਨੁਸਾਰ ਪਾਠ-ਪੁਸਤਕਾਂ ਨੂੰ ਰਿਕਮੈਂਡ ਕਰਨ ਲਈ ਪ੍ਰਵਾਨਿਤ ਫ਼ੀਸ 20,000 ਰੁਪਏ ਪ੍ਰਤਿ ਵਿਸ਼ਾ (ਪ੍ਰਤਿ ਮਾਧਿਅਮ) ਸਬੰਧਿਤ ਪਬਲੀਸ਼ਰਾਂ ਵੱਲੋਂ ਬੋਰਡ ਵਿਖੇ ਜਮ੍ਹਾਂ ਕਰਵਾਉਣ ਉਪਰੰਤ ਇੰਦਰਾਜ ਦੀਆਂ ਛੇ ਕਾਪੀਆਂ ਪੇਸ਼ ਕੀਤੀਆਂ ਜਾਣ ।

(iii) ਬੋਰਡ ਵੱਲੋਂ ਰਿਕਮੈਂਡ ਹੋਈਆਂ ਪਾਠ-ਪੁਸਤਕਾਂ ਦੇ ਸਬੰਧਿਤ ਪਬਲੀਸ਼ਰਾਂ ਵੱਲੋਂ ਹਲਫ਼ਿਆ ਬਿਆਨ ਪੇਸ਼ ਕੀਤਾ ਜਾਵੇਗਾ ਕਿ ਪਾਠ-ਪੁਸਤਕਾਂ ਵਿੱਚ ਕਾਪੀ ਅਧਿਕਾਰੀ ਅਧੀਨ ਆਉਂਦੀ ਕੋਈ ਸਮੱਗਰੀ ਦਰਜ ਨਹੀਂ ਹੈ ਜਾਂ ਕਾਪੀ ਅਧਿਕਾਰ ਵਾਲੀ ਸਮੱਗਰੀ ਦੀ ਇੰਦਰਾਜ ਵਿੱਚ ਪੁਨਰ ਪੇਸ਼ੀ ਲਈ ਕਾਪੀ ਅਧਿਕਾਰੀ ਧਾਰਕ/ਧਾਰਕਾਂ ਪਾਸੋਂ ਲੋੜੀਂਦੀ ਇਜਾਜ਼ਤ ਹਾਸਲ ਕਰ ਲਈ ਗਈ ਹੈ। ਜੇ ਇੰਦਰਾਜ ਵਿੱਚ ਕਾਪੀ ਅਧਿਕਾਰ ਆਉਂਦੀ ਸਮੱਗਰੀ ਹੋਵੇ ਤਾਂ ਸੰਬੰਧਿਤ ਪਬਲੀਸ਼ਰ ਲਈ ਜਰੂਰੀ ਹੈ ਕਿ ਉਹ ਉਸ ਦਾ ਸਪੱਸ਼ਟ ਉਲੇਖ ਕਰੇ।

(iv) ਪ੍ਰਵਾਨਿਤ ਪੁਸਤਕ ਦੇ ਪਬਲਿਸ਼ਰ ਤੋਂ ਪੁਸਤਕ ਦੇ ਉਤਪਾਦਨ ਦੇ ਕਾਗਜ਼, ਛਪਾਈ ਜਿਲਦਸਾਜ਼ੀ, ਜਿਲਦ ਸਮੱਗਰੀ ਬਾਰੇ ਬੋਰਡ ਦੁਆਰਾ ਰੱਖੇ ਗਏ ਵਿਸ਼ੇਸ਼-ਵਿਵਰਣਾਂ ਦੀ ਪਾਲਣਾ ਕੀਤੀ ਜਾਵੇਗੀ। ਜਿਸ ਵਿੱਚ ਉਸ ਕਾਗਜ ਦਾ ਸਾਈਜ, ਜਿਲਦ-ਬੰਦੀ ਦੀ ਕਿਸਮ, ਕਵਰ ਕਾਗਜ਼ ਦਾ ਸਾਈਜ਼, ਵਜ਼ਨ ਅਤੇ ਮੋਟੇ ਗੱਤੇ ਦਾ ਵਜਨ ਦੱਸਿਆ ਹੋਵੇਗਾ ਜੋ ਉਸ ਨੇ ਉਸ ਦੇ ਉਤਪਾਨ ਵਿੱਚ ਵਰਤਿਆ ਹੈ।

- ਕਿਸੇ ਪ੍ਰਵਾਨਿਤ ਪੁਸਤਕ ਦੀ ਕੀਮਤ ਚੇਅਰਮੈਨ ਦੁਆਰਾ ਨਿਯਤ ਕੀਤੀ ਜਾਵੇਗੀ ਅਤੇ ਸੰਬੰਧਿਤ ਪਬਲਿਸ਼ਰ ਉਸ ਪੁਸਤਕ ਨੂੰ ਉਸ ਕੀਮਤ ਤੇ ਹੀ ਵੇਚੇਗਾ।
- ਕੋਈ ਪ੍ਰਵਾਨਿਤ ਪੁਸਤਕ ਚੇਅਰਮੈਨ ਦੁਆਰਾ ਉਲਿਖਤ ਆਉਧ ਲਈ ਪ੍ਰਵਾਨਿਤ ਕੀਤੀ ਜਾਵੇਗੀ, ਜਿਸ ਤੋਂ ਪਿਛੋਂ ਪ੍ਰਵਾਨਗੀ ਆਪਣੇ ਆਪ ਮਨ ਮੁੱਖ ਹੋ ਜਾਵੇਗੀ।
- ਪੰਜਾਬ ਸਕੂਲ ਸਿੱਖਿਆ ਬੋਰਡ, ਕਲੈਂਡਰ, Volume-II ਵਿੱਚ ਦਰਜ ਵਿਨਿਯਮਾਂ ਦੀ ਹੂ-ਬ ਹੂਬ ਪਾਲਣਾ ਕੀਤੀ ਜਾਵੇਗੀ।

**List of Subject for which text books not prepared/ published by Board for Senior Secondary Classes**

| S.no | Subject |
|---|---|
| 1. | **Compulsory subjects**<br>1. Punjabi History and Culture |
| 2. | **Elective Subjects**<br>**(a) Humanities Group**<br>2. Urdu<br>3. Arabic<br>4. Persian<br>5. French<br>6. German<br>7. Russian<br>8. Korean<br>9. Economics<br>10. Business Organisation and Management<br>11. Book –Keeping and Accountancy<br>12. Political Science<br>13. Public Administration<br>14. Religion<br>15. Gurmat Sangeet<br>16. Dance ( Tabla)<br>17. Dance<br>18. Philosophy<br>19. Education<br>20. Defence Studies<br>21. Psychology<br>22. Modeling and Sculpture<br>23. Geometrical Perspective and Architectural Drawing<br>24. Commercial Art<br>25. Drawing and Painting<br>26. History and Appreciation of Art<br>27. Insurance<br>28. Rural Development and Environment |
| 3. | **Science Group**<br>29. Geology<br>30. Biotechnology<br>31. Elements of Electronics Engineering |
| 4. | **Commerce Group**<br>32. Business Studies II<br>33. Accountancy-II<br>34. Business Economics and Quantitative Methods –II<br>35. Fundamental of e- Business |
| 5. | **Agriculture Group**<br>Agriculture |